# Thames View Infants
# ਅਕੈਦਮੀ ਪ੍ਰਾਸਪੈਕਟਸ

ਸਾਰੇ ਸਟਾਫ ਅਤੇ ਗਵਰਨਰਾਂ ਵਲੋਂ ਸਾਡੀ ਇਨਾਮ-ਵਿਜੇਤਾ, ਬਹੁ-ਸਭਿਆਚਾਰਕ ਅਕੈਡਮੀ ਤੇ ਸੁਆਗਤ ਹੈ।

ਮੇਰਾ ਮੰਨਣਾ ਹੈ ਕਿ ਬੱਚਿਆਂ ਕੋਲ ਸਕੂਲ ਵਿੱਚ ਸਫਲ ਹੋਣ ਦਾ ਕੇਵਲ ਇਕੋ ਮੌਕਾ ਹੁੰਦਾ ਹੈ ਅਤੇ ਮੇਰੀ ਸਾਰੀ ਊਰਜਾ TVI ਵਿਖੇ ਪਿਛਲੇ 8 ਸਾਲਾਂ ਤੋਂ ਮੁੱਖ-ਅਧਿਆਪਕ ਦੇ ਤੌਰ ਤੇ ਇਸਨੂੰ ਸਹੀ ਤਰੀਕੇ ਨਾਲ ਕਰਨ ਲਈ ਸਮਰਪਿਤ ਹੈ: ਤੁਹਾਡੇ ਬੱਚਿਆਂ – ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ – ਜ਼ਿੰਦਗੀ ਵਿੱਚ ਸਭ ਤੋਂ ਵਧੀਆ ਸ਼ੁਰੂਆਤ ਦੇਣਾ ਅਤੇ ਸਭ ਤੋਂ ਵਧੀਆ ਸੰਭਾਵਿਤ ਬਾਲ ਸਿੱਖਿਆ ਪ੍ਰਦਾਨ ਕਰਨਾ ਹੈ।

ਅਸੀਂ ਇਸ ਵਿੱਚ ਬਹੁਤ ਹੀ ਜ਼ਿਆਦਾ ਸਫਲ ਰਹੇ ਹਾਂ: ਥੇਮਸ ਵਿਊ ਇਨਫੈਂਟਸ (Thames View Infants) ਵਿਖੇ ਪੜ੍ਹਾਈ ਰਾਸ਼ਟਰੀ ਪੱਧਰ ਦੇ ਸਿਖਰ ਦੇ 20% ਸਕੂਲਾਂ ਵਿੱਚ ਹੈ ਅਤੇ ਕੁਝ ਸਾਲ ਪਹਿਲਾਂ, ਬਾਰਕਿੰਗ ਅਤੇ ਡੇਗਨਹਮ (Barking and Dagenham) ਵਿੱਚ ਸਾਨੂੰ ਛੋਟੇ ਬੱਚਿਆਂ ਲਈ ਸਰਵਉੱਚ ਪ੍ਰਾਪਤੀਆਂ ਹਾਸਲ ਕਰਨ ਵਾਲੇ ਸਕੂਲ ਵਜੋਂ ਦਰਜ਼ਾ ਪ੍ਰਾਪਤ ਹੋਇਆ ਹੈ, ਨਾਲ ਹੀ ਅਸੀਂ ਪੂਰੇ ਲੰਡਨ (London) ਦੇ ਪ੍ਰਮੁੱਖ ਸਕੂਲਾਂ ਨੂੰ ਪਿੱਛੇ ਛੱਡਿਆ ਹੈ। DfE ਨੂੰ ਉਪਚਾਰਿਕ ਤੌਰ ਤੇ ਵੀ ਸਿੱਖਿਆ ਅਤੇ ਵਿਸ਼ੇਸ਼ੱਗ ਸਹਾਇਤਾ ਸਕੂਲ ਵਿੱਚ ਰਾਸ਼ਟਰੀ ਲੀਡਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਹੈ।

ਸਾਨੂੰ ਓਫਸਟੇਡ (Ofsted) ਦੁਆਰਾ ਦੋ ਵਾਰ (2009 ਵਿੱਚ ਅਤੇ ਦੁਬਾਰਾ 2014 ਵਿੱਚ) "ਸਰਵ-ਸ੍ਰੇਸ਼ਠ" ਦਾ ਦਰਜ਼ਾ ਦਿੱਤਾ ਗਿਆ ਹੈ। ਸਾਡਾ ਵਿਸ਼ਵਾਸ ਹੈ ਕਿ ਅਸੀਂ ਇਸ ਮਿਆਰ ਨੂੰ ਕਾਇਮ ਰੱਖਾਂਗੇ।


ਮੈਂ ਅਤੇ ਮੇਰਾ ਸਟਾਫ ਤੁਹਾਡੇ ਅਤੇ ਤੁਹਾਡੇ ਪਰਿਵਾਰ ਵਾਸਤੇ ਇਸ ਨੂੰ ਸਹੀ ਤਰੀਕੇ ਨਾਲ ਕਰਨ ਲਈ ਸਮਰਪਿਤ ਹਾਂ। ਕਿਰਪਾ ਕਰਕੇ ਵਿਸ਼ਵਾਸ ਰੱਖੋ ਕਿ ਅਸੀਂ ਤੁਹਾਡੇ ਬੱਚੇ ਨੂੰ ਸਭ ਤੋਂ ਵਧੀਆ ਸੰਭਵ ਸਿੱਖਿਆ ਪ੍ਰਦਾਨ ਕਰਨ ਲਈ ਅਣਥੱਕ ਕੋਸ਼ਿਸ਼ ਕਰਾਂਗੇ ਅਤੇ ਤੁਹਾਨੂੰ ਆਦਰਸ਼ ਗਾਹਕ ਸੇਵਾ ਅਤੇ ਪਰਿਵਾਰਕ ਸਹਾਇਤਾ ਪ੍ਰਦਾਨ ਕਰਾਂਗੇ।

ਤੁਹਾਡੇ ਲਈ ਸੰਖੇਪ ਵਿੱਚ ਮਹੱਤਵਪੂਰਨ ਅਤੇ ਉਪਯੋਗੀ ਜਾਣਕਾਰੀ ਨੱਥੀ ਹੈ।

ਸਾਡੀ ਕੀਮਤੀ ਸਹਾਇਤਾ ਅਤੇ ਸਚੇਤ ਪਰਵਰਿਸ਼ ਦੋਵਾਂ ਦੇ ਨਾਲ, ਤੁਹਾਡਾ ਬੱਚਾ ਸਾਡੇ ਸਕੂਲ ਤੋਂ ਆਪਣੀ ਸਿੱਖਿਆ ਦੇ ਅਗਲੇ ਪੜਾਅ ਲਈ ਚੰਗੀ ਤਰ੍ਹਾਂ ਤਿਆਰ ਹੋ ਕੇ ਨਿਕਲੇਗਾ: ਮਹਾਨ ਬ੍ਰਿਟਿਸ਼ ਨਾਗਰਿਕ – ਸਸ਼ਕਤ, ਆਤਮਵਿਸ਼ਵਾਸੀ, ਭਵਿੱਖ ਦੇ ਲੀਡਰ, ਦਿਆਲੂ, ਸਪਸ਼ਟ ਅਤੇ ਤਰਕਸੰਗਤ, ਸਹਿਣਸ਼ੀਲ ਅਤੇ ਸਾਖਰਤਾ ਅਤੇ ਗਣਨਾ ਵਿੱਚ ਮਾਹਰ।

ਪਾਲ ਜੋਰਡਨ (Paul Jordan),
**ਮੁੱਖ ਅਧਿਆਪਕ।**

## ਸਾਡਾ ਲੋਕਾਚਾਰ





ਥੇਮਸ ਵਿਊ ਇਨਫੈਂਟਸ ਵਿਖੇ ਅਸੀਂ ਧਿਆਨ ਰੱਖਣ ਵਾਲਾ, ਮਨੋਰੰਜ਼ਕ ਅਤੇ ਸਮਰਥਿਤ ਭਾਈਚਾਰਕ ਸਕੂਲ ਪ੍ਰਦਾਨ ਕਰਨ ਲਈ ਸਖਤ ਮਿਹਨਤ ਕਰਦੇ ਹਾਂ, ਜਿਸ ਵਿੱਚ ਹਰ ਬੱਚਾ ਅਤੇ ਉਸ ਦਾ ਪਰਿਵਾਰ, ਸੱਚਮੁੱਚ ਮਾਇਨੇ ਰੱਖਦਾ ਹੈ।



ਅਸੀਂ ਸਿੱਖਣ ਵਾਲਾ ਵਾਤਾਵਰਨ ਪ੍ਰਦਾਨ ਕਰਦੇ ਹਾਂ, ਜਿੱਥੇ ਹਰ ਕੋਈ, ਆਪਣੀ ਪੂਰੀ ਸਮਰੱਥਾ ਤੇ ਪਹੁੰਚਦਾ ਹੈ, ਇਸ ਦੀ ਪਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਨੇ ਕਿਥੋਂ ਸ਼ੁਰੂ ਕੀਤਾ।



ਅਸੀਂ ਰੋਲ ਮਾਡਲ ਬਣਕੇ ਬੱਚਿਆਂ ਨੂੰ ਸਾਡੇ ਬਹੁ-ਸਭਿਆਚਾਰਕ ਸਕੂਲੀ ਭਾਈਚਾਰੇ ਵਿੱਚ ਅਤੇ ਸਕੂਲ ਤੋਂ ਬਾਹਰ ਉਨ੍ਹਾਂ ਦੇ ਜੀਵਨ ਵਿੱਚ ਉਨ੍ਹਾਂ ਦੇ ਸਹਿਪਾਠੀਆਂ ਅਤੇ ਬਾਲਗਾਂ ਦਾ ਆਦਰ ਕਰਨਾ, ਉਨ੍ਹਾਂ ਨੂੰ ਸਵੀਕਾਰ ਕਰਨਾ ਅਤੇ ਉਨ੍ਹਾਂ ਦਾ ਮੁੱਲ ਪਾਉਣਾ ਸਿਖਾਉਂਦੇ ਹਾਂ।




ਅਸੀਂ ਚਾਹੁੰਦੇ ਹਾਂ ਕਿ ਬੱਚੇ ਸਕੂਲ ਵਿੱਚ ਆਨੰਦ ਮਾਣਨ ਅਤੇ ਅਸੀਂ ਬੱਚਿਆਂ ਦੇ ਆਜ਼ਾਦੀ, ਆਤਮ-ਵਿਸ਼ਵਾਸ ਅਤੇ ਆਪਣੇ ਲਈ ਖੁਦ ਦੇ ਫੈਸਲੇ ਲੈਣ ਦੀ ਯੋਗਤਾ ਨੂੰ ਵਿਕਸਿਤ ਕਰਕੇ, ਇੱਕ ਸੁਰੱਖਿਅਤ ਅਤੇ ਸੁਵਿਧਾਜਨਕ ਵਾਤਾਵਰਨ ਬਣਾਇਆ ਹੈ ਜਿਸ ਵਿੱਚ ਉਹ ਸੰਰੱਖਿਅਤ ਅਤੇ ਮਹੱਤਵਪੂਰਨ ਮਹਿਸੂਸ ਕਰਨ।




ਸਾਡਾ ਉਦੇਸ਼ ਸਾਡੇ ਸਕੂਲੀ ਭਾਈਚਾਰੇ ਨੂੰ ਸਨੇਹਪੂਰਵਕ ਅਤੇ ਦੋਸਤਾਨਾ ਬਣਾਉਣਾ ਹੈ ਅਤੇ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਮਾਪੇ ਅਤੇ ਅਧਿਆਪਕ ਬੱਚਿਆਂ ਦੀ ਸਹਾਇਤਾ ਅਤੇ ਮਦਦ ਕਰਨ ਲਈ ਇੱਕ ਦੂਸਰੇ ਦੇ ਨਾਲ ਮਿਲਕੇ ਕੰਮ ਕਰਨ।

ਜਿਵੇਂ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਪਰਿਵਾਰ ਸਾਡੇ ਨਾਲ ਬਿਤਾਏ ਸਮੇਂ ਦਾ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਉਠਾਉਣ, ਅਸੀਂ ਕਈ ਤਰ੍ਹਾਂ ਦੀਆਂ ਸੇਵਾਵਾਂ ਦਿੰਦੇ ਹਾਂ ਜੋ ਉਸ ਤੋਂ ਵਧਕੇ ਹਨ ਜੋ ਇੱਕ ਸਕੂਲ ਜਾਂ ਸਕੂਲ ਦਾ ਦਿਨ ਪ੍ਰਦਾਨ ਕਰ ਸਕਦਾ ਹੈ।

extended schools





ਨਾਲ ਹੀ, ਅਸੀਂ ਪੜੋਸ ਦੇ ਸਾਰੇ ਅਹਿਮ ਪੇਸ਼ੇਵਰ ਭਾਈਵਾਲਾਂ ਨਾਲ ਮਿਲਕੇ ਕੰਮ ਕਰਦੇ ਹਾਂ ਅਤੇ ਸਾਨੂੰ ਆਪਣੇ ਵਧੀਆ ਲਿੰਕਸ ਤੇ ਮਾਣ ਹੈ। ਇਨ੍ਹਾਂ ਵਿੱਚ **ਥੇਮਸ ਵਿਊ ਜੂਨੀਅਰ ਸਕੂਲ (Thames View Junior School)**, ਸੂ ਬਾਰਮਲੇ ਚਿਲਡਰਨ'ਸ ਸੈਂਟਰ (The Sue Bramley Children's Centre), ਚੈਸਟਨੱਟਸ ਨਰਸਰੀ (The Chestnuts Nursery), ਥੇਮਸ ਵਿਊ ਮੈਡੀਕਲ ਸੈਂਟਰ (The Thames View Medical Centre), ਸਪੈਰੋਸ ਨਰਸਰੀ (Sparrows Nursery) (ਪਹਿਲਾਂ ਕ੍ਰਾਈਸਟਚਰਚ), ਸਮਾਜਿਕ ਸੇਵਾਵਾਂ, ਨਜ਼ਦੀਕੀ ਸਕੂਲ ਅਤੇ ਲੰਡਨ ਬੋਰੋ ਆਫ ਬਾਰਕਿੰਗ ਅਤੇ ਡੇਗਨਹਮ (London Borough of Barking and Dagenham) ਵਿੱਚ ਵਿਦਿਅਕ ਅਤੇ ਸਮਰਥਨ ਸੇਵਾਵਾਂ ਸ਼ਾਮਲ ਹਨ।

ਇਕੱਠੇ ਅਸੀਂ ਪਰਿਵਾਰਾਂ ਲਈ ਬਹੁਤ ਪ੍ਰਭਾਵਸ਼ਾਲੀ ਸਹਾਇਤਾ ਨੈੱਟਵਰਕ ਅਤੇ ਸੰਪੂਰਨ "ਸ਼ਾਮਲ ਕਰਨ" ਦੀ ਵਿਵਸਥਾ ਪੇਸ਼ ਕਰਦੇ ਹਾਂ।




## ਸਕੂਲ ਸਮਾਂ



| | | |
|---|---|---|
| **ਨਰਸਰੀ** | 3-4 ਸਾਲ | ਸਵੇਰੇ 8:45 ਤੋਂ 11:45 ਅਤੇ ਦੁਪਹਿਰ12:30 ਤੋਂ 3:30 |
| **ਰਿਸੈਪਸ਼ਨ** | 4-5 ਸਾਲ | ਸਵੇਰੇ 8:55 ਤੋਂ 11:45 ਅਤੇ ਦੁਪਹਿਰ 1:00 ਤੋਂ 3:15 |
| **ਸਾਲ 1 & ਸਾਲ 2** | 5-6 ਸਾਲ<br>6-7 ਸਾਲ | ਸਵੇਰੇ 8:55 ਤੋਂ ਦੁਪਹਿਰ 12:15 ਅਤੇ ਦੁਪਹਿਰ 1:15 ਤੋਂ 3:15 |



ਕਿਰਪਾ ਕਰਕੇ ਆਪਣੇ ਬੱਚੇ ਨੂੰ ਸਮੇਂ ਤੇ ਭੇਜਣ ਨੂੰ ਯਕੀਨੀ ਬਣਾਓ। ਦਿਨ ਦੀ ਸ਼ੁਰੂਆਤ ਵਿਦਿਅਕ ਜਾਂ ਗਣਨਾ ਗਤੀਵਿਧੀ ਦੀ ਹਰ ਕਲਾਸ ਨਾਲ ਸ਼ੁਰੂ ਹੁੰਦੀ ਹੈ ਅਤੇ ਜੇ ਤੁਹਾਡਾ ਬੱਚਾ ਲੇਟ ਹੁੰਦਾ ਹੈ ਤਾਂ ਉਹ ਮਹੱਤਵਪੂਰਨ ਪੜਾਈ ਤੋਂ ਖੁੰਝ ਜਾਵੇਗਾ।



ਸਕੂਲ ਸ਼ੁਰੂ ਹੋਣ ਤੋਂ 5 ਮਿੰਟ ਪਹਿਲਾਂ ਆਉਣ ਦਾ ਟੀਚਾ ਰੱਖੋ, ਕਿਉਂਕਿ ਤੁਸੀਂ ਜ਼ਿਆਦਾ ਸਮੇਂ ਲਈ ਇੱਧਰ-ਉੱਧਰ ਉਡੀਕ ਕਰਨਾ ਨਹੀਂ ਚਾਹੋਗੇ, ਖਾਸ ਕਰਕੇ ਠੰਡੇ ਨਮ ਦਿਨਾਂ ਵਿੱਚ।


Thames View Infants: a company limited by guarantee Registered in England: Company Number: 08163191 Registered Office: Thames View Infants, Bastable Avenue, Barking, Essex IG11 0LG

ਅਸੀਂ KS1 ਅੰਦਰ ਕੰਮਕਾਜ਼ੀ ਮਾਪਿਆਂ ਦੇ ਬੱਚਿਆਂ ਲਈ ਬ੍ਰੇਕਫਾਸਟ ਕਲੱਬ ਚਲਾਉਂਦੇ ਹਾਂ ਜੋ ਸਵੇਰੇ 8:00 ਵਜੇ ਸ਼ੁਰੂ ਹੁੰਦਾ ਹੈ, ਅਤੇ 8:20 ਤੇ ਅਖੀਰਲਾ ਦਾਖਲਾ ਹੁੰਦਾ ਹੈ। ਸਕੂਲ ਸਟਾਫ ਬੱਚਿਆਂ ਦੀ ਦੇਖ-ਭਾਲ ਕਰਦਾ ਹੈ। ਥੋੜ੍ਹੇ ਜਿਹੇ ਪੈਸੇ ਲਏ ਜਾਂਦੇ ਹਨ। ਜ਼ਲਦੀ ਸ਼ੁਰੂ ਕਰਨਾ ਸਾਰੇ ਬੱਚਿਆਂ ਦੇ ਅਨੁਕੂਲ ਨਹੀਂ ਹੁੰਦਾ ਹੈ ਅਤੇ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਬ੍ਰੇਕਫਾਸਟ ਕਲੱਬ ਵਿੱਚ ਆਵੇ, ਤਾਂ ਕਿਰਪਾ ਕਰਕੇ ਆਓ ਅਤੇ ਮੇਰੇ ਡਿਪਟੀ ਹੈੱਡ, ਕਲੇਰ ਸਮਿੱਥ (Claire Smith) ਨਾਲ ਗੱਲ ਕਰੋ।





ਜੇ ਤੁਸੀਂ ਲੇਟ ਹੋ ਗਏ ਹੋ, ਤਾਂ ਕਿਰਪਾ ਕਰਕੇ ਆਪਣੇ ਬੱਚੇ ਨੂੰ ਸਾਰਾ ਦਿਨ ਘਰ ਵਿੱਚ ਨਾ ਰੱਖੋ – ਅਸੀਂ ਚਾਹਾਂਗੇ ਕਿ ਬੱਚਾ ਬਿਲਕੁਲ ਵੀ ਨਾ ਆਉਣ ਦੀ ਬਜਾਏ ਲੇਟ ਭਾਵੇਂ ਆ ਜਾਵੇ। ਜਦੋਂ ਤੁਸੀਂ ਸਕੂਲ ਪਹੁੰਚਦੇ ਹੋ ਤਾਂ ਤੁਹਾਨੂੰ ਸਕੂਲ ਸਟਾਫ ਨੂੰ ਮਿਲਣ ਦੀ ਲੋੜ ਹੋਵੇਗੀ, ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਬੱਚੇ ਦੀ ਹਾਜ਼ਰੀ ਲੱਗ ਗਈ ਹੈ ਅਤੇ ਰਾਤ ਦਾ ਖਾਣਾ ਆਰਡਰ ਕਰ ਦਿੱਤਾ ਹੈ।

## ਸਕੂਲ ਦੀਆਂ ਪਹਿਲਕਦਮੀਆਂ


'ਵਧਾਏ ਗਏ ਸਕੂਲ' ਵਜੋਂ ਅਸੀਂ ਬੱਚਿਆਂ ਨੂੰ ਕਈ ਤਰ੍ਹਾਂ ਦੇ ਸ਼ਾਮ ਦੀਆਂ ਗਤੀਵਿਧੀਆਂ ਦੇ ਕਲੱਬ ਪੇਸ਼ ਕਰਦੇ ਹਾਂ, ਜਿਨ੍ਹਾਂ ਵਿੱਚ ਬੱਚੇ ਮੁਫਤ ਵਿੱਚ ਆਉਂਦੇ ਹਨ। ਇਨ੍ਹਾਂ ਵਿੱਚ ਫੁੱਟਬਾਲ ਦੀ ਸਿਖਲਾਈ, ਡਾਂਸ ਅਤੇ ਕੰਪਿਊਟਿੰਗ ਸ਼ਾਮਲ ਹੈ। ਇੱਕ ਵਾਰ ਫੇਰ, ਵਾਧੂ ਸਮਾਂ ਸਾਰਿਆਂ ਬੱਚਿਆਂ ਦੇ ਅਨੁਕੂਲ ਨਹੀਂ ਹੁੰਦਾ ਹੈ ਪਰ ਅਸੀਂ ਕਲੱਬਾਂ ਨਾਲ ਪ੍ਰਾਥਮਿਕਤਾਵਾਂ ਨੂੰ ਮੇਲਦੇ ਹੋਏ ਹਰ ਇੱਕ ਦੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਸਾਡੇ ਕੋਲ ਮਾਪਿਆਂ ਦੀ ਸਹਾਇਤਾ ਲਈ ਸਲਾਹਕਾਰ ਵੀ ਹੈ, ਜੋ ਮਾਪਿਆਂ ਲਈ ਸਾਰੀ ਤਰ੍ਹਾਂ ਦੇ ਗਰੁੱਪ ਚਲਾਉਂਦਾ ਹੈ, ਅਤੇ ਉਨ੍ਹਾਂ ਰੋਜ਼ਾਨਾ ਦੀਆਂ ਬਹੁਤ ਸਾਰੀਆਂਆਂ ਸਮੱਸਿਆਵਾਂ ਨਾਲ ਮਦਦ ਪੇਸ਼ ਕਰ ਸਕਦਾ ਹੈ ਜਿਨ੍ਹਾਂ ਦਾ ਸਾਮ੍ਹਣਾ ਪਰਿਵਾਰ ਕਰਦੇ ਹਨ। ਆਓ ਅਤੇ ਉਨ੍ਹਾਂ ਕਿਸੇ ਵੀ ਚਿੰਤਾਵਾਂ ਨੂੰ ਸਾਂਝਾ ਕਰੋ ਜੋ ਤੁਹਾਡੀਆਂ ਹੋ ਸਕਦੀਆਂ ਹਨ, ਇਸ ਤੋਂ ਪਹਿਲਾਂ ਕਿ ਉਹ ਬਹੁਤ ਵੱਡੀਆਂ ਹੋ ਜਾਣ।





ਸਾਲ 2 ਵਿਚਲੇ ਸਾਰੇ ਬੱਚੇ ਆਈਪੈਡ (iPad) ਉਧਾਰ ਦੇਣ ਜਾਂ ਸਾਡੀ ਸਵੈਇੱਛਤ ਵਾਪਸ-ਖਰੀਦਣ ਵਾਲੀ ਸਕੀਮ ਵਿੱਚ ਭਾਗ ਲੈਣ ਦੇ ਯੋਗ ਹੁੰਦੇ ਹਨ। ਸਾਡਾ ਸਕੂਲ "ਆਈਸੀਟੀ-ਭਰਪੂਰ" ("ICT-rich") ਸਕੂਲ ਹੈ ਅਤੇ ਇਸ ਵਿਵਸਥਾ ਦੀ ਡੂੰਘਾਈ ਲਈ ਬਹੁਤ ਸਾਰੇ ਰਾਸ਼ਟਰੀ ਇਨਾਮ ਜਿੱਤੇ ਹਨ। ਸਕੂਲ ਦੇ ਸਾਰੇ ਬੱਚੇ ਨਿਯਮਿਤ ਤੌਰ ਤੇ ਲੈਪਟਾਪ, ਆਈਪੈਡ, ਐਂਡਰੋਇਡਸ (Androids), Wiis/Xboxes ਅਤੇ ਹੋਰ ਪਰੰਪਰਾਗਤ ਤਕਨੀਕਾਂ ਵਰਤਦੇ ਹਨ।



ਸਾਡੇ ਤਕਨੀਕੀ ਮੈਨੇਜਰ ਪੀਸੀ ਨਾਲ ਸੰਬੰਧਿਤ ਤੁਹਾਡੇ ਉਨ੍ਹਾਂ ਕਿਸੇ ਵੀ ਸਵਾਲਾਂ ਦੇ ਜਵਾਬ ਦੇਣਗੇ ਜੋ ਤੁਹਾਡੇ ਘਰੇਲੂ ਪੀਸੀ ਨਾਲ ਹਨ। ਆਓ ਅਤੇ ਉਸ ਨਾਲ ਗੱਲ ਕਰੋ ਅਤੇ ਉਹ ਤੁਹਾਡੀ ਸਹਾਇਤਾ ਕਰਨ ਅਤੇ ਪ੍ਰੈਕਟੀਕਲ ਮਦਦ ਕਰਨ ਲਈ ਆਪਣੀ ਸ੍ਰੇਸ਼ਠ ਕੋਸ਼ਿਸ਼ ਕਰਨਗੇ।

ਅਸੀਂ "ਭਾਈਵਾਲ ਦੇ ਤੌਰ ਤੇ ਮਾਪਿਆਂ" ਦੀ ਕਦਰ ਕਰਦੇ ਹਾਂ ਅਤੇ ਘਰ ਅਤੇ ਸਕੂਲ ਵਿਚਕਾਰ ਚੰਗਾ ਸੰਚਾਰ ਜ਼ਰੂਰੀ ਹੈ। ਸਾਡੇ ਸੰਪਰਕ ਵਿੱਚ ਰਹਿਣ ਦੇ ਜਾਂ ਦ੍ਰਿਸ਼ ਦੇ ਪਿੱਛੇ ਕੀ ਹੋ ਰਿਹਾ ਬਾਰੇ ਪਤਾ ਲਗਾਉਣ ਦੇ ਬਹੁਤ ਸਾਰੇ ਤਰੀਕੇ ਹਨ:

ਪਹਿਲੀ ਚੀਜ਼ ਜੋ ਕਰਨੀ ਹੈ ਉਹ ਹੈ ਸਾਡਾ **ਐਪ** ਡਾਉਨਲੋਡ ਕਰੋ। ਇਹ ਤੁਹਾਨੂੰ ਨਿਮਨਲਿਖਤ ਦੀ ਇਜਾਜ਼ਤ ਦਿੰਦਾ ਹੈ:

- ☑ ਸਾਨੂੰ ਤੁਹਾਡੇ ਵਿਚਾਰ ਦੱਸਣ
- ☑ ਸਾਡਾ ਬਲੋਗ ਪੜ੍ਹਣ
- ☑ ਤਾਰੀਖਾਂ ਅਤੇ ਪ੍ਰੋਗਰਾਮਾਂ ਦੀ ਜਾਂਚ
- ☑ ਸਕੂਲ ਦੀ ਵੈੱਬਸਾਇਟ ਤੇ ਜਾਣ
- ☑ ਦਫਤਰੀ ਸਮੇਂ ਤੋਂ ਬਾਅਦ ਸਾਨੂੰ ਸੰਪਰਕ ਕਰਨ
- ☑ ਸਾਡੀ ਈ-ਨਿਊਜ਼ਲੈਟਰ ਮੇਲਿੰਗ ਸੂਚੀ ਤੇ ਸਾਈਨ-ਅੱਪ ਕਰਨ (ਅਤੇ ਕਦੇ ਵੀ ਦੁਬਾਰਾ ਜ਼ਰੂਰੀ ਪੱਤਰ ਤੋਂ ਨਾ ਖੁੰਝੋ!)

Available on the iPhone App Store

ANDROID APP ON Google play



ਮੇਰਾ ਸਟਾਫ ਅਤੇ ਮੈਂ ਹਰ ਰੋਜ਼ ਟਵੀਟ ਕਰਦੇ ਹਾਂ: ਇਹ ਇਸ ਦਾ ਪਤਾ ਲਗਾਉਣ ਦਾ ਸਭ ਤੋਂ ਤੇਜ਼ ਅਤੇ ਵਧੀਆ ਤਰੀਕਾ ਹੈ ਕਿ ਸਕੂਲ ਵਿੱਚ ਕੀ ਹੋ ਰਿਹਾ ਹੈ। ਸਾਡੇ ਟਵਿੱਟਰ ਫੀਡਸ ਦੇ ਮੈਂਬਰ ਬਣੋ ਅਤੇ ਹੋਰ ਬਹੁਤ ਕੁਝ ਜਾਣੋ:

follow us on twitter


**@TVInfants** (ਪਾਲ ਜੋਰਡਨ (Paul Jordan), ਮੁੱਖ ਅਧਿਆਪਕ)
**@ClaireTVI** (ਕਲੇਰ ਸਮਿੱਥ (Claire Smith), ਡਿਪਟੀ ਮੁੱਖ ਅਧਿਆਪਕ)
**@Khaled_a_Ali** (ਖਾਲੇਦ ਅਲੀ (Khaled Ali), ਮੁੱਖੀ, EYFS)
**@TVI_MissCJones** (ਰੋਜ਼ਾ ਕੋਰਕੋਰਨ-ਜੋਨਸ (Rosa Corcoran-Jones) ਸਹਾਇਕ ਮੁੱਖ ਅਧਿਆਪਕ)
**@FiBashirTVI** (ਫੀ ਬਸ਼ੀਰ (Fi Bashir), ਬੱਚੇ ਅਤੇ ਪਰਿਵਾਰ ਦਾ ਪੇਸ਼ੇਵਰ)
**@TVI_ICTSupport** (ਸਾਈਮਨ ਮੋਰਡੇਕੀ (Simon Mordecai), ICT ਮੈਨੇਜਰ)

You Tube Broadcast Yourself

ਸਾਡਾ "ਯੂ ਟਿਊਬ" ਚੈਨਲ ਦੇਖੋ.... **Thames View Infants TV (TVI TV).**

ਇਸ ਵਿੱਚ ਅਧਿਆਪਕਾਂ ਦੇ ਪੋਡਕਾਸਟ ਅਤੇ ਸਿੱਖਣ ਲਈ ਅਹਿਮ ਸੁਝਾਵਾਂ ਦੇ 250 ਤੋਂ ਜ਼ਿਆਦਾ ਵੀਡੀਓ ਹਨ!

ਸਾਡੇ ਅਧਿਆਪਕਾਂ ਨੂੰ 'ਆਮ੍ਹਣੇ-ਸਾਮ੍ਹਣੇ' ਮਿਲਣਾ ਹਮੇਸ਼ਾਂ ਸਭ ਤੋਂ ਵਧੀਆ ਹੁੰਦਾ ਹੈ, ਖਾਸ ਕਰਕੇ ਜਦੋਂ ਪੜ੍ਹਾਈ ਬਾਰੇ ਗੱਲ ਕਰਨੀ ਹੋਵੇ। ਪਰ, ਅਸੀਂ ਸਮਝਦੇ ਹਾਂ ਕਿ ਮਾਪਿਆਂ ਦੀ ਜ਼ਿੰਦਗੀ ਬਹੁਤ ਵਿਅੱਸਤ ਹੈ ਅਤੇ ਕਈ ਵਾਰ ਗੱਲ ਕਰਨ ਲਈ ਸਮਾਂ ਨਿਕਾਲਣਾ ਮੁਸ਼ਕਿਲ ਹੋ ਜਾਂਦਾ ਹੈ। ਜੇ ਤੁਹਾਡੇ, ਜਾਂ ਤੁਹਾਡੇ ਬੱਚੇ ਕੋਲ ਹੋਮਵਰਕ ਬਾਰੇ ਕੋਈ ਸਵਾਲ ਹਨ ਜਾਂ ਘਰ ਵਿਖੇ ਪੜ੍ਹਣ ਲਈ ਸਲਾਹ ਦੀ ਲੋੜ ਹੈ, ਤਾਂ ਤੁਸੀਂ ਇੱਥੇ ਈ-ਮੇਲ ਭੇਜ ਸਕਦੇ ਹੋ:




**HomeworkHelp.TVI**@bdcs.org.uk

ਸਾਡੇ ਅਧਿਆਪਕ ਤੁਹਾਡੇ ਸਵਾਲ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ, ਜਾਂ ਹੋਰ ਵਧੇਰੇ ਮਦਦ ਲਈ ਤੁਹਾਡੇ ਨਾਲ ਸੁਵਿਧਾਜਨਕ ਸਮੇਂ ਤੇ ਮੁਲਾਕਾਤ ਤੈਅ ਕਰਨਗੇ।


**ਸਾਡੀ ਅਕੈਦਮੀ ਵਿਖੇ ਸਕੂਲ ਵਰਦੀ ਜ਼ਰੂਰੀ ਹੈ।** ਸਕੂਲ ਵਰਦੀ ਪਾਉਣ ਨਾਲ ਸਕੂਲ ਨਾਲ ਸੰਬੰਧਿਤ ਹੋਣ ਦਾ ਅਹਿਸਾਸ ਪੈਦਾ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਕੰਮ ਦੀ ਜਗ੍ਹਾ ਦੇ ਵਧੀਆ ਮਾਹੌਲ ਲਈ ਰੰਗਤ ਬਣਦੀ ਹੈ। ਬੱਚੇ ਸਕੂਲ ਪੋਲੋ ਕਮੀਜ਼ ਪਹਿਣਦੇ ਹਨ, ਜੋ ਕਿ ੬ ਚਮਕੀਲੇ ਰੰਗਾਂ ਵਿੱਚ ਸਕੂਲ ਦੇ ਦਫਤਰ ਤੋਂ ਮਿਲਦੀ ਹੈ – ਸਨੋ ਵਾਈਟ (ਸਫੇਦ), ਲਾਇਮ ਗ੍ਰੀਨ (ਹਰੀ), ਸਨਸ਼ਾਇਨ ਯੈਲੋ (ਪੀਲੀ), ਰਾਯਲ ਪਰਪਲ (ਜ਼ਾਮਨੀ), ਵੈਰੀ ਰਸਬਰੀ ਅਤੇ ਖੁਸ਼ਨੁਮਾ ਟਰਕਿਜ਼ (ਫਿਰੋਜ਼ੀ)। **ਬੱਚੇ ਕਿਸੇ ਵੀ ਦਿਨ ਕੋਈ ਵੀ ਰੰਗ ਪਾ ਸਕਦੇ ਹਨ, ਪਰ ਉਨ੍ਹਾਂ ਦਾ ਸਕੂਲ ਪੋਲੋ ਕਮੀਜ਼ ਪਾਉਣਾ ਲਾਜ਼ਮੀ ਹੈ।** ਅਸੀਂ ਮਾਫੀ ਮੰਗਦੇ ਹਾਂ, ਪਰ ਬੱਚਿਆਂ ਦਾ ਸਕੂਲ ਵਿੱਚ ਗਹਿਣੇ ਪਾ ਕੇ ਆਉਣਾ ਮਨ੍ਹਾਂ ਹੈ।



ਗਰਮੀਆਂ ਵਿੱਚ ਬੱਚਿਆਂ ਦਾ ਜ਼ਿਆਦਾ ਕਪੜੇ ਪਾ ਕੇ ਆਉਣਾ ਅਸਵੱਸਥਕਾਰੀ ਹੁੰਦਾ ਹੈ। ਬੱਚੇ ਸਕੂਲ ਵਿੱਚ ਬਹੁਤ ਸਕ੍ਰਿਅ ਹੁੰਦੇ ਹਨ ਅਤੇ ਗੈਰਜ਼ਰੂਰੀ ਤਹਿਆਂ (ਬਨੈਣਾਂ, ਲੈਗਿੰਗਾਂ, ਕਮੀਜ਼ਾਂ ਅਤੇ ਜੰਪਰ) ਪਾਉਣ ਨਾਲ ਬੱਚਿਆਂ ਨੂੰ ਜ਼ਿਆਦਾ-ਗਰਮੀ ਲੱਗੇਗੀ। ਇਸ ਨਾਲ ਚੀਜ਼ਾਂ ਦੇ ਗੁੰਮਣ ਦੇ ਵੀ ਜ਼ਿਆਦਾ ਮੌਕੇ ਹੁੰਦੇ ਹਨ ਕਿਉਂਕਿ ਉਹ ਠੰਡਕ ਵਾਸਤੇ ਫਾਲਤੂ ਤਹਿਆਂ ਉਤਾਰਦੇ ਹਨ। ਕਿਰਪਾ ਕਰਕੇ ਮੌਸਮ ਦੇ ਅਨੁਸਾਰ ਆਪਣੇ ਬੱਚਿਆਂ ਨੂੰ ਤਿਆਰ ਕਰੋ। ਇਸ ਦੇ ਬਦਲੇ, ਅਸੀਂ ਉਨ੍ਹਾਂ ਨੂੰ ਸਵੱਸਥ ਰਹਿਣ ਵਿੱਚ ਮਦਦ ਕਰਾਂਗੇ (ਉਨ੍ਹਾਂ ਨੂੰ ਕਪੜੇ ਉਤਾਰਣ ਅਤੇ ਵਾਪਸ ਪਾਉਣ ਦੇ ਸਮਰੱਥ ਬਣਾਉਣ ਦੇ ਜਦੋਂ ਬਹੁਤ ਜ਼ਿਆਦਾ ਗਰਮੀ ਜਾਂ ਬਹੁਤ ਜ਼ਿਆਦਾ ਠੰਡ ਹੁੰਦੀ ਹੈ)।

## ਹਾਜ਼ਰੀ

ਇਹ ਇੱਕ ਕਨੂੰਨੀ ਜ਼ਰੂਰਤ ਹੈ ਕਿ ਬੱਚੇ ਨਿਯਮਿਤ ਤੌਰ ਤੇ ਸਕੂਲ ਆਉਣ, ਅਤੇ ਇਹ ਕਿ ਉਨ੍ਹਾਂ ਦੇ ਮਾਪੇ ਜਾਂ ਸੰਭਾਲਕਰਤਾ ਇਸ ਤਰ੍ਹਾਂ ਕਰਨ ਨੂੰ ਯਕੀਨੀ ਬਣਾਉਣ। ਬਿਮਾਰੀ ਤੋਂ ਬਿਨਾਂ, ਕੋਈ ਵੀ ਗੈਰਹਾਜ਼ਰੀ, ਨੂੰ ਉਤਸਾਹਿਤ ਨਹੀਂ ਕੀਤਾ ਜਾਂਦਾ ਹੈ।




Thames View Infants: a company limited by guarantee Registered in England: Company Number: 08163191 Registered Office: Thames View Infants, Bastable Avenue, Barking, Essex IG11 0LG




**ਸਾਰੀਆਂ ਪਰਿਵਾਰਕ ਛੁੱਟੀਆਂ ਸਕੂਲ ਦੀਆਂ ਪ੍ਰਕਾਸ਼ਿਤ ਛੁੱਟੀਆਂ ਦੌਰਾਨ ਲੈਣੀਆਂ ਚਾਹੀਦੀਆਂ ਹਨ।**
**ਸਕੂਲ ਟਰਮ ਸਮੇਂ ਦੌਰਾਨ <u>ਕੋਈ</u> ਵੀ ਪਰਿਵਾਰਕ ਛੁੱਟੀਆਂ ਦੀ ਇਜਾਜ਼ਤ ਨਹੀਂ ਦੇਵੇਗਾ। ਮਾਪੇ ਜੋ ਅਣਅਧੀਕ੍ਰਿਤ ਛੁੱਟੀ ਲੈਂਦੇ ਹਨ ਜਾਂ ਸਹਿਮਤ ਹੋਈ ਤਾਰੀਖ ਤੇ ਵਾਪਸ ਆਉਣ ਤੋਂ ਦੇਰੀ ਕਰਦੇ ਹਨ ਉਨ੍ਹਾਂ ਨੂੰ ਨਿਮਨਲਿਖਤ ਜੋਖਿਮ ਹੋਵੇਗਾ:**

- **ਪ੍ਰਤੀ ਬਾਲਗ ਅਤੇ ਪ੍ਰਤੀ ਬੱਚਾ ਨਿਸ਼ਚਿਤ ਜ਼ੁਰਮਾਨੇ ਦਾ ਨੋਟਿਸ (ਜ਼ੁਰਮਾਨਾ) (ਭਾਵੇਂ ਜੇ ਹੋਰ ਬੱਚੇ ਦੂਸਰੇ ਸਕੂਲ ਵਿੱਚ ਜਾਂਦੇ ਹਨ)।**
- **ਸਕੂਲ ਵਿਚੋਂ ਉਨ੍ਹਾਂ ਦੇ ਬੱਚੇ ਦੀ ਜਗ੍ਹਾ ਦਾ ਖੁੰਝਣਾ।**
- **ਨਵੀਂ ਸਕੂਲ ਜਗ੍ਹਾ ਲਈ ਸਥਾਨਕ ਅਥਾਰਿਟੀ ਨਾਲ ਮੁੜ ਤੋਂ ਰਜਿਸਟਰ ਕਰਨਾ।**
- ਬੋਰ੍ਹੋ ਦੇ ਹਾਜ਼ਰੀ ਅਫਸਰ ਕੋਲ ਪਰਿਵਾਰ ਦੇ ਵੇਰਵੇ ਭੇਜਣਾ।

ਪਰ, ਜੇ ਤੁਹਾਡਾ ਬੱਚਾ ਸਕੂਲ ਨਹੀਂ ਆਉਣਾ ਚਾਹੁੰਦਾ ਤਾਂ ਸਾਡੇ ਨਾਲ ਗੱਲ ਕਰੋ। ਇਸ ਲਈ ਕੋਈ ਕਾਰਨ ਹੋ ਸਕਦਾ ਹੈ ਅਤੇ ਅਸੀਂ ਸਮੱਸਿਆ ਦਾ ਹੱਲ ਕੱਢਣ ਵਿੱਚ ਮਦਦ ਲਈ ਇਕੱਠੇ ਕੰਮ ਕਰਾਂਗੇ।






ਨਿਯਮਿਤ ਹਾਜ਼ਰੀ ਅਤੇ ਵਧੀਆ ਟਾਇਮ-ਕੀਪਿੰਗ ਬਹੁਤ ਜ਼ਰੂਰੀ ਹਨ ਜੇ ਬੱਚਿਆਂ ਨੇ ਸਕੂਲ ਵਿੱਚ ਸਫਲ ਹੋਣਾ ਹੈ।

## *ਮੈਨੂੰ ਕੀ ਕਰਨਾ ਚਾਹੀਦਾ ਹੈ ਜੇ ਮੇਰਾ ਬੱਚਾ ਬਿਮਾਰ ਹੁੰਦਾ ਹੈ?*

ਜੇ ਤੁਹਾਡਾ ਬੱਚਾ ਸੱਚਮੁੱਚ ਬਹੁਤ ਜ਼ਿਆਦਾ ਬਿਮਾਰ ਹੁੰਦਾ ਹੈ ਤਾਂ ਉਨ੍ਹਾਂ ਨੂੰ ਘਰ ਵਿੱਚ ਰਹਿਣਾ ਚਾਹੀਦਾ ਹੈ ਅਤੇ ਬਿਸਤਰ ਵਿੱਚ ਅਰਾਮ ਕਰਨਾ ਚਾਹੀਦਾ ਹੈ।








ਜੇ ਇਹ ਮਾਮਲਾ ਹੈ, ਤਾਂ ਅਸੀਂ ਤੁਹਾਨੂੰ ਉਸ ਦੀ ਹਰ ਗੈਰਹਾਜ਼ਰੀ ਵਾਲੇ ਦਿਨ ਸਾਡੇ ਸਕੂਲ ਸਟਾਫ ਨੂੰ ਸਵੇਰੇ 10 ਵਜੇ ਤਕ (020 8270 4317) ਤੇ ਕਾਲ ਕਰਕੇ ਜਾਂ (07943 922 655) ਤੇ ਟੈਕਸਟ ਕਰਕੇ ਸਾਨੂੰ ਦੱਸਣ ਲਈ ਕਹਾਂਗੇ ਕਿ ਉਸ ਦਾ ਕੀ ਹਾਲ ਹੈ। ਅਸੀਂ ਮਾੜੀ ਸਿਹਤ ਲਈ ਸਰਕਾਰੀ ਸਲਾਹ ਦੀ ਪਾਲਣਾ ਕਰਦੇ ਹਾਂ ਅਤੇ ਤੁਹਾਨੂੰ ਵੀ ਸਲਾਹ ਦੇਵਾਂਗੇ।


ਅਸੀਂ ਬਹੁਤ ਹੀ ਸੰਭਾਲ-ਭਰਿਆ ਅਤੇ ਸਹਾਇਤਾ ਭਰਪੂਰ ਵਾਤਾਵਰਨ ਪੇਸ਼ ਕਰਦੇ ਹਾਂ, ਅਤੇ ਕਈ ਤਰੀਕਿਆਂ ਨਾਲ ਤੁਹਾਡੇ ਬੱਚੇ ਦੀ ਜ਼ਲਦੀ ਸਕੂਲ ਵਾਪਸ ਆਉਣ ਵਿੱਚ ਮਦਦ ਕਰ ਸਕਦੇ ਹਾਂ:






- ਤੁਹਾਡੇ ਬੱਚੇ ਨੂੰ ਦਵਾਈਆਂ ਦੇਣਾ (ਜੇ ਤੁਸੀਂ ਦਫਤਰ ਤੋਂ ਵਿਸ਼ੇਸ਼ ਫਾਰਮ ਭਰਿਆ ਹੈ)
- ਤੁਹਾਡੇ ਬੱਚੇ ਦੇ ਠੀਕ ਹੋਣ ਤਕ ਉਸ ਤੇ 'ਵਾਧੂ ਨਜ਼ਰ' ਰੱਖੀ ਜਾਂਦੀ ਹੈ ਅਤੇ ਤੁਹਾਨੂੰ ਦੱਸਿਆ ਜਾਂਦਾ ਹੈ ਕਿ 'ਉਹ ਕਿਵੇਂ ਕਰ ਰਹੇ ਹਨ'।
- ਨੇੜਲੇ ਥੇਮਸ ਵਿਊ ਮੈਡੀਕਲ ਕੇਂਦਰ ਦੇ ਜੀਪੀ ਨਾਲ ਗੱਲ ਕਰਨਾ





- ਲੰਚ ਦੇ ਸਮੇਂ ਉਸ ਨੂੰ ਵਿਕਲਪਿਕ ਭੋਜਨ ਦੀਆਂ ਚੋਣਾਂ ਦੇਣੀਆਂ (ਖਾਸ ਵਿਵਸਥਾ ਕਰਕੇ)।
- ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਕੰਮ ਕਰਨਾ ਜੇ ਉਹ ਵਿਵਸਥਿਤ ਨਹੀਂ ਹੋ ਰਹੇ ਹਨ ਜਾਂ ਜੇ ਤੁਹਾਨੂੰ ਉਨ੍ਹਾਂ ਨੂੰ ਹਰ ਸਵੇਰ ਸਕੂਲ ਲਿਆਉਣ ਵਿੱਚ ਮੁਸ਼ਕਿਲ ਹੋ ਰਹੀ ਹੈ
- ਉਨ੍ਹਾਂ ਦੀ ਰਹਿ ਗਏ ਕੰਮਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਾ।




Thames View Infants: a company limited by guarantee Registered in England: Company Number: 08163191 Registered Office: Thames View Infants, Bastable Avenue, Barking, Essex IG11 0LG

## *"ਚੰਗੀ ਹਾਜ਼ਰੀ" ਕੀ ਹੈ?*



ਕਿਉਂਕਿ ਇਹ ਇੱਕ ਬੱਚੇ ਦੀ ਪੜ੍ਹਾਈ ਲਈ ਬਹੁਤ ਨੁਕਸਾਨਦਾਇਕ ਹੋ ਸਕਦਾ ਹੈ ਜੇ ਉਹ ਨਿਯਮਿਤ ਤੌਰ ਤੇ ਸਕੂਲ ਨਹੀਂ ਆਉਂਦੇ, **ਸਰਕਾਰ ਨੇ ਸਾਰੇ ਸਕੂਲਾਂ ਲਈ ਸਕੂਲ ਵਿੱਚ ਹਾਜ਼ਰੀ ਦਾ ਇੱਕ ਰਾਸ਼ਟਰੀ ਟੀਚਾ ਤੈਅ ਕੀਤਾ ਹੈ, ਜੋ ਕਿ ਸਾਰੇ ਸੈਸ਼ਨਾਂ ਲਈ ਵਿਦਿਆਰਥੀਆਂ ਦੀ 95% ਹਾਜ਼ਰੀ ਦਾ ਹੈ।**




ਇਸ ਦਾ ਮਤਲਬ ਹੈ ਕਿ, ਸਾਲ ਵਿੱਚ, ਬੱਚੇ *ਔਸਤਨ* ਮਹੀਨੇ ਵਿੱਚ ਸਕੂਲ ਤੋਂ 1 ਦਿਨ ਛੁੱਟੀ ਲੈ ਸਕਦੇ ਹਨ (ਪੰਦਰ੍ਹਾਂ ਦਿਨਾਂ ਪਿੱਛੇ ਅੱਧੇ ਦਿਨ ਦੀ ਛੁੱਟੀ)। ਅਸੀਂ ਬਹੁਤ ਖ਼ੁਸ਼ਕਿਸਮਤ ਹਾਂ, ਕਿਉਂਕਿ ਬੱਚੇ ਸਾਡੇ ਸਕੂਲ ਵਿੱਚ ਬਹੁਤ ਹੀ ਘੱਟ ਛੁੱਟੀ ਲੈਂਦੇ ਹਨ।

ਥੇਮ ਵਿਊ ਇਨਫੈਂਟਸ ਵਿਖੇ ਪਹਿਲਾਂ ਤੋਂ ਹੀ ਬੱਚੇ ਹਰ ਰੋਜ਼ ਸਕੂਲ ਆਉਂਦੇ ਹਨ ਅਤੇ ਉਨ੍ਹਾਂ ਦੀ 100% ਹਾਜ਼ਰੀ ਹੈ।






ਹਰ ਟਰਮ ਵਿੱਚ ਅਸੀਂ ਉਨ੍ਹਾਂ ਪਰਿਵਾਰਾਂ ਨੂੰ ਇੱਕ ਖਾਸ ਅਤੇ ਬਹੁਤ ਮਸ਼ਹੂਰ "ਫਲੋਵਰ ਅਸੈਂਬਲੀ" ਦੇ ਨਾਲ ਇਨਾਮ ਦਿੰਦੇ ਹਾਂ ਜੋ 100% ਹਾਜ਼ਰੀ ਪ੍ਰਾਪਤ ਕਰਦੇ ਹਨ।



ਅਸੀਂ ਉਸ ਬੱਚੇ ਨੂੰ ਬਾਇਕ ਵੀ ਇਨਾਮ ਵਜੋਂ ਦਿੰਦੇ ਹਾਂ ਜਿਸ ਨੇ ਪੂਰੇ ਸਾਲ ਦੌਰਾਨ ਆਪਣੀ ਹਾਜ਼ਰੀ ਵਿੱਚ ਅਸਧਾਰਨ ਸੁਧਾਰ ਦਿਖਾਇਆ ਹੁੰਦਾ ਹੈ।

## *ਮੈਨੂੰ ਕਿਵੇਂ ਪਤਾ ਲਗਦਾ ਹੈ ਕਿ ਮੇਰੇ ਬੱਚੇ ਦੀ ਹਾਜ਼ਰੀ ਕੀ ਹੈ?*

ਅਸੀਂ ਆਪਣੇ ਪਰਿਵਾਰਾਂ ਨਾਲ ਭਾਈਵਾਲੀ ਵਿੱਚ ਕੰਮ ਕਰਦੇ ਹਾਂ, ਅਤੇ ਇੱਕ ਸਕੂਲ ਵਜੋਂ, ਅਸੀਂ ਹਾਜ਼ਰੀ ਦੀ ਲਗਾਤਾਰ ਨਿਗਰਾਨੀ ਕਰਦੇ ਹਾਂ। ਅਕਸਰ, ਤੁਹਾਨੂੰ ਪਹਿਲਾਂ ਤੋਂ ਹੀ ਪਤਾ ਹੋਵੇਗਾ ਜੇ ਤੁਹਾਡੇ ਬੱਚੇ ਦੀ ਹਾਜ਼ਰੀ ਕਿਸੇ ਸਮੇਂ ਘੱਟ ਜਾਂਦੀ ਹੈ, ਅਸੀਂ ਇਸ ਬਾਰੇ ਇਕੱਠੇ ਗੱਲ ਕੀਤੀ ਹੋਵੇਗੀ।

ਨਿਯਮਿਤ ਤੌਰ ਤੇ, ਹਰ ਪੰਦਰ੍ਹਾਂ ਦਿਨਾਂ ਬਾਅਦ, ਅਸੀਂ ਉਪਚਾਰਿਕ ਤੌਰ ਤੇ ਆਪਣੇ ਸਾਰੇ ਬੱਚਿਆਂ ਦੀ ਹਾਜ਼ਰੀ ਦਾ ਮੁਆਇਨਾ ਕਰਦੇ ਹਾਂ। ਹਰ ਟਰਮ ਤੇ, ਅਸੀਂ ਹਰ ਮਾਪੇ ਨੂੰ ਲਿਖਦੇ ਹਾਂ ਜੇ ਹੇਠਲੀਆਂ ਚਿੰਤਾਵਾਂ ਦੇ ਕਾਰਨ ਹਾਜ਼ਰੀ ਇੱਕ ਹੱਦ ਤੋਂ ਜ਼ਿਆਦਾ ਗਿਰਦੀ ਹੈ:





- ☑ 100% (ਕਦੇ ਗੈਰਹਾਜ਼ਰ ਨਹੀਂ)
- ☑ 97% (ਹਰ ਮਹੀਨੇ ਲਗਭਗ ਅੱਧੇ-ਦਿਨ ਦੀ ਗੈਰਹਾਜ਼ਰੀ)

- ✖ 95% ਤੋਂ ਘੱਟ (ਹਰ ਪੰਦਰ੍ਹਾਂ ਦਿਨਾਂ ਤੇ ਅੱਧੇ-ਦਿਨ ਦੀ ਗੈਰਹਾਜ਼ਰੀ)
- ✖ 90% ਤੋਂ ਘੱਟ (ਹਰ ਹਫਤੇ ਅੱਧੇ-ਦਿਨ ਦੀ ਗੈਰਹਾਜ਼ਰੀ)
- ✖ 85% ਤੋਂ ਘੱਟ (ਹਰ ਹਫਤੇ ਲਗਭਗ ਪੂਰਾ ਦਿਨ)
- ✖ 75% ਤੋਂ ਘੱਟ (ਹਰ ਹਫਤੇ ਲਗਭਗ ਡੇਢ ਦਿਨ)



ਬੱਚੇ ਦੇ ਵਿਦਿਅਕ ਜੀਵਨ ਵਿੱਚ ਹਾਲਾਂਕਿ '90%' ਹਾਜ਼ਰੀ ਕਾਫੀ ਲਗਦੀ ਹੈ, ਪਰ ਖੁੰਝੇ ਗਏ 10% ਉਸ ਦੀ ਸਕੂਲਿੰਗ ਦੇ ਪੂਰੇ ਸਾਲ ਨੂੰ ਖਰਾਬ ਕਰ ਸਕਦੇ ਹਨ। ਇੱਕ ਪੱਤਰ ਰਾਹੀਂ ਇਸ ਬਾਰੇ ਤੁਹਾਡੇ ਧਿਆਨ ਵਿੱਚ ਲਿਆਕੇ, ਅਸੀਂ ਇਕੱਠੇ ਮਿਲਕੇ ਤੁਹਾਡੇ ਬੱਚੇ ਦੀ ਹਾਜ਼ਰੀ ਸਫਲਤਾ ਨੂੰ ਇੱਕ ਸਿੱਖਣ ਵਾਲੇ ਵਜੋਂ ਸੁਧਾਰਨ ਵਿੱਚ ਕੰਮ ਕਰ ਸਕਦੇ ਹਾਂ।




Thames View Infants: a company limited by guarantee Registered in England: Company Number: 08163191 Registered Office: Thames View Infants, Bastable Avenue, Barking, Essex IG11 0LG

## *ਘੱਟ ਹਾਜ਼ਰੀ ਦੇ ਕੀ ਪ੍ਰਭਾਵ ਹਨ?*




ਨਿਯਮਿਤ ਤੌਰ ਤੇ ਸਕੂਲ ਨਾ ਜਾਣਾ ਬੱਚੇ ਦੀ ਪੜ੍ਹਾਈ ਲਈ ਬਹੁਤ ਨੁਕਸਾਨਦਾਇਕ ਹੋ ਸਕਦਾ ਹੈ। ਸਾਂਖਿਅਕੀ ਤੌਰ ਤੇ, ਇਹ 90% ਤੋਂ ਜ਼ਿਆਦਾ ਹਾਜ਼ਰੀ ਵਾਲੇ ਬੱਚੇ ਹਨ ਜਿਨ੍ਹਾਂ ਨੂੰ ਪੇਪਰਾਂ ਵਿੱਚ ਬੇਹਤਰ ਗ੍ਰੇਡ ਮਿਲਦਾ ਹੈ ਅਤੇ ਬਾਅਦ ਵਿੱਚ ਵਧੀਆ ਨੌਕਰੀ ਮਿਲਣ ਦੀ ਜ਼ਿਆਦਾ ਸੰਭਵਾਨਾ ਹੁੰਦੀ ਹੈ।



ਮਾੜੀ ਹਾਜ਼ਰੀ ਵੱਲੇ ਬੱਚਿਆਂ ਨੂੰ ਸਕੂਲ ਦੇ ਜੀਵਨ ਅੰਦਰ ਸਵੀਕਾਰੇ ਜਾਂਦੇ ਮਹਿਸੂਸ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ ਅਤੇ ਉਹਨਾਂ ਨੂੰ ਦੋਸਤੀਆਂ ਕਰਨ ਵਿੱਚ ਮੁਸ਼ਕਿਲਾਂ ਪੇਸ਼ ਆਉਣ ਦੀ ਪ੍ਰਵਿਰਤੀ ਹੁੰਦੀ ਹੈ।



ਬੱਚਿਆਂ ਨੂੰ ਉਹ ਕੰਮ 'ਪੂਰਾ ਕਰਨ" ਵਿੱਚ ਜ਼ਿਆਦਾ ਮੁਸ਼ਕਿਲ ਲਗਦੀ ਹੈ ਜੋ ਉਹ ਖੁੰਝ ਜਾਂਦੇ ਹਨ ਜੇ ਉਹ ਲਗਾਤਾਰ ਗੈਰਹਾਜ਼ਰ ਰਹਿੰਦੇ ਹਨ




ਅਕਸਰ, ਇਹ ਬੱਚੇ ਜੋ ਸਕੂਲ ਵਿੱਚ ਨਿਯਮਿਤ ਤੌਰ ਤੇ ਨਹੀਂ ਆਉਂਦੇ ਉਨ੍ਹਾਂ ਨੂੰ ਅਕਸਰ ਸਭ ਤੋਂ ਜ਼ਿਆਦਾ ਕਮਜ਼ੋਰ ਸਮਝਿਆ ਜਾਂਦਾ ਹੈ।



ਇਹ ਅਕੈਦਮੀ ਟਰੱਸਟ ਲੰਡਨ ਬੋਰ੍ਹੋ ਆਫ ਬਾਕਿੰਗ ਅਤੇ ਡੇਗਨਹਮ ਸਥਾਨਕ ਅਥਾਰਿਟੀ ਨਾਲ ਬਹੁਤ ਨਜ਼ਦੀਕੀ ਨਾਲ ਕੰਮ ਕਰਦੀ ਹੈ, ਜੋ ਉਨ੍ਹਾਂ ਪਰਿਵਾਰਾਂ ਤੇ ਮੁਕੱਦਮਾ ਚਲਾਏਗੀ ਜੋ ਆਪਣੇ ਬੱਚਿਆਂ ਨੂੰ ਨਿਯਮਿਤ ਤੌਰ ਤੇ ਸਕੂਲ ਭੇਜਣ ਨੂੰ ਸੁਨਿਸ਼ਚਿਤ ਕਰਨ ਵਿੱਚ ਅਸਫਲ ਰਹਿੰਦੇ ਹਨ, ਕਿਉਂਕਿ ਇਹ ਇੱਕ ਜ਼ੁਰਮ ਹੈ। ਮਾਪੇ/ਸੰਭਾਲਕਰਤਾ ਨੂੰ ਜ਼ੁਰਮਾਨੇ ਦਾ, ਜਾਂ ਅਦਾਲਤ ਲਿਜਾਉਣ ਦਾ, ਪਰਵਰਿਸ਼ ਦੇਣ ਲਈ ਕਲਾਸਾਂ ਤੇ ਆਉਣ ਦਾ ਜਾਂ ਇਥੋਂ ਤਕ ਕਿ ਜ਼ਿਆਦਾ ਗੰਭੀਰ ਮਾਮਲਿਆਂ ਵਿੱਚ ਜੇਲ ਜਾਣ ਦਾ ਵੀ ਜੋਖਿਮ ਹੁੰਦਾ ਹੈ।

ਅਸੀਂ ਨਹੀਂ ਚਾਹੁੰਦੇ ਕਿ ਥੇਮਸ ਵਿਊ ਇਨਫੈਂਟਸ ਦੇ ਵਿਦਿਆਰਥੀ ਦੇ ਕਿਸੇ ਵੀ ਪਰਿਵਾਰ ਨਾਲ ਇਸ ਤਰ੍ਹਾਂ ਹੋਵੇ।



ਸਾਡੇ ਸਕੂਲ ਦਾ ਮਾਹੌਲ ਧਿਆਨ ਰੱਖਣ ਵਾਲਾ ਅਤੇ ਖੁਸ਼ਨੁਮਾ ਹੈ, ਅਤੇ ਬਹੁਤ ਹੀ ਜ਼ਿਆਦਾ ਉਡੀਕ ਸੂਚੀ ਦੇ ਨਾਲ, ਇਹ ਉਨ੍ਹਾਂ ਪਰਿਵਾਰਾਂ ਲਈ ਠੀਕ ਵੀ ਨਹੀਂ ਹੈ ਜੋ ਆਪਣੇ ਬੱਚੇ ਨੂੰ ਸਾਡੇ ਸਕੂਲ ਵਿੱਚ ਭੇਜਣਾ ਚਾਹੁੰਦੇ ਹਨ, ਪਰ ਇਹ ਕਰ ਨਹੀਂ ਸਕਦੇ ਕਿਉਂਕਿ ਇੱਥੇ ਜਗ੍ਹਾ ਪੂਰੀ ਭਰ ਗਈ ਹੈ।

## ਦਾਖਲੇ ਦੇ ਪ੍ਰਬੰਧ



ਸਾਡੇ ਕੋਲ ਹਾਰ ਸਾਲ ਦੇ ਗਰੁੱਪ ਵਿੱਚ ਨਿਸ਼ਚਿਤ ਗਿਣਤੀ ਦੀ ਜਗ੍ਹਾ ਹੈ।

ਥੇਮਸ ਵਿਊ ਇਨਫੈਂਟਸ ਲੰਡਨ ਬੋਰ੍ਹੋ ਆਫ ਬਾਕਿੰਗ ਅਤੇ ਡੇਗਨਹਮ ਦੁਆਰਾ ਸਹਿਮਤ ਦਾਖਲੇ ਦੇ ਪ੍ਰਬੰਧਾਂ ਦੀ ਪਾਲਣਾ ਕਰਦੀ ਹੈ।

ਜੇ ਸਕੂਲ ਵਿੱਚ ਦਾਖਲੇ ਲਈ ਸੀਟਾਂ ਦੀ ਗਿਣਤੀ ਤੋਂ ਜ਼ਿਆਦਾ ਬੇਨਤੀਆਂ ਨਹੀਂ ਆਉਂਦੀਆਂ ਹਨ, ਤਾਂ ਸਥਾਨਕ ਅਥਾਰਿਟੀ ਉਨ੍ਹਾਂ ਸਾਰੇ ਬੱਚਿਆਂ ਨੂੰ ਦਾਖਲ ਕਰਨ ਦੇ ਯੋਗ ਹੁੰਦੀ ਹੈ ਜੋ ਜਗ੍ਹਾ ਚਾਹੁੰਦੇ ਹਨ। ਜਿੱਥੇ ਸੀਟਾਂ ਨਾਲੋਂ ਜ਼ਿਆਦਾ ਅਰਜ਼ੀਆਂ ਆਉਂਦੀਆਂ ਹਨ, ਤਾਂ ਸਥਾਨਕ ਅਥਾਰਿਟੀ ਨੂੰ ਇਹ ਫੈਸਲਾ ਕਰਨ ਲਈ ਦਾਖਲੇ ਦੇ ਇੱਕ ਮਾਪਦੰਡ ਦੀ ਲੋੜ ਹੁੰਦੀ ਹੈ ਕਿ ਕਿਸ ਨੂੰ ਜਗ੍ਹਾ ਮਿਲਣੀ ਚਾਹੀਦੀ ਹੈ ਅਤੇ ਕਿਸ ਨੂੰ ਨਹੀਂ। ਦਾਖਲੇ ਦੇ ਮਾਪਦੰਡ ਨਿਮਨਲਿਖਤ ਹਨ:



Thames View Infants: a company limited by guarantee Registered in England: Company Number: 08163191 Registered Office: Thames View Infants, Bastable Avenue, Barking, Essex IG11 0LG

1. "ਸੰਭਾਲੇ ਗਏ ਬੱਚੇ"।
2. ਬੱਚੇ ਜਿਨ੍ਹਾਂ ਦੇ ਭਰਾ ਜਾਂ ਭੈਣ ਸਕੂਲ ਜਾਂ ਥੇਮਸ ਵਿਊ ਜੂਨੀਅਰ ਸਕੂਲ ਵਿੱਚ ਆ ਰਹੇ ਹਨ।
3. ਬੱਚੇ ਜੋ ਸਕੂਲ ਦੇ ਸਭ ਤੋਂ ਨਜ਼ਦੀਕ ਰਹਿੰਦੇ ਹਨ ਜਿਸ ਨੂੰ ਸਭ ਤੋਂ ਨਜ਼ਦੀਕ ਮੌਜੂਦ ਪੈਦਲ ਰਾਸਤੇ ਰਾਹੀਂ ਮਾਪਿਆ ਜਾਂਦਾ ਹੈ।



ਜਿਨ੍ਹਾਂ ਬੱਚਿਆਂ ਨੂੰ ਜਗ੍ਹਾ ਨਹੀਂ ਮਿਲਦੀ ਉਨ੍ਹਾਂ ਦੇ ਨਾਮ ਉਡੀਕ ਸੂਚੀ ਵਿੱਚ ਖਾਲੀ ਜਗ੍ਹਾ ਲਈ ਰੱਖੇ ਜਾਂਦੇ ਹਨ।

## ਸ਼ਿਕਾਇਤ ਵਿਧੀਆਂ

ਅਸੀਂ ਸਾਰੇ ਬੱਚਿਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨ ਲਈ ਯਤਨ ਕਰਦੇ ਹਾਂ। ਮੁੱਖ ਅਧਿਆਪਕ ਅਤੇ ਸਟਾਫ ਸਾਰੇ ਮਾਪਿਆਂ ਨਾਲ ਸਕਾਰਾਤਮਕ ਰਿਸ਼ਤਾ ਬਣਾਉਣ ਲਈ ਸਖਤ ਮਿਹਨਤ ਕਰਦੇ ਹਨ। ਪਰ, ਥੇਮਸ ਵਿਊ ਇਨਫੈਂਟਸ ਨੂੰ, ਇੱਕ ਅਕੈਦਮੀ ਵਜੋਂ, ਕਨੂੰਨੀ ਲੋੜਾਂ ਅਨੁਸਾਰ, ਸ਼ਿਕਾਇਤ ਵਿਧੀਆਂ ਬਣਾਉਣ ਅਤੇ ਉਨ੍ਹਾਂ ਨੂੰ ਮਾਪਿਆਂ ਲਈ ਪ੍ਰਕਾਸ਼ਿਤ ਕਰਨਾ ਪੈਂਦਾ ਹੈ।

ਸਮੇਂ ਸਮੇਂ ਤੇ ਮਾਪਿਆਂ ਅਤੇ ਸੰਭਾਲਕਰਤਾਵਾਂ ਦੀਆਂ ਆਪਣੇ ਬੱਚਿਆਂ ਦੀ ਪ੍ਰਗਤੀ, ਪ੍ਰਾਪਤੀ, ਵਿਹਾਰ ਜਾਂ ਭਲਾਈ, ਜਾਂ ਸਕੂਲ ਨਾਲ ਸੰਬੰਧਿਤ ਹੋਰ ਮਾਮਲਿਆਂ ਬਾਰੇ ਜਾਇਜ਼ ਸ਼ੰਕਾਵਾਂ ਹੋਣਗੀਆਂ। ਜ਼ਿਆਦਾਤਰ ਗਲਤਫਹਿਮੀਆਂ ਅਕਸਰ ਗਲਤੀ ਨਾਲ ਹੁੰਦੀਆਂ ਹਨ ਅਤੇ ਸਾਡੇ ਅਧਿਆਪਕ ਤੁਹਾਨੂੰ ਸੁਣਨਗੇ ਅਤੇ ਮਾਮਲੇ ਦਾ ਹੱਲ ਕੱਢਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ। ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਹਮੇਸ਼ਾਂ ਬੇਹਤਰ ਹੁੰਦਾ ਹੈ ਕਿ ਕਿਸੇ ਵੀ ਮੁੱਦੇ ਜਾਂ ਸ਼ੰਕਾ ਨੂੰ ਸ਼ੁਰੂ ਵਿੱਚ ਸਿੱਧਾ ਬੱਚੇ ਦੇ ਅਧਿਆਪਕ ਕੋਲ ਉਠਾਇਆ ਜਾਵੇ; ਪਰ, ਸ਼ਿਕਾਇਤ ਦੀ ਕਿਸਮ ਤੇ ਨਿਰਭਰ ਕਰਦੇ ਹੋਏ, ਤੁਹਾਡੇ ਲਈ ਮੁੱਦੇ ਨੂੰ ਸਿੱਧਾ ਮੁੱਖ ਅਧਿਆਪਕ ਕੋਲ ਉਠਾਉਣਾ ਜ਼ਰੂਰੀ ਹੋ ਸਕਦਾ ਹੈ – ਜੋ, ਘਟਨਾ ਦੀ ਕਿਸਮ ਤੇ ਨਿਰਭਰ ਕਰਦੇ ਹੋਏ, ਅਣਉਪਚਾਰਿਕ ਜਾਂ ਉਪਚਾਰਿਕ ਤਰੀਕੇ ਨਾਲ ਮੁੱਦੇ ਨੂੰ ਸੰਬੋਧਨ ਕਰੇਗਾ।

ਸ਼ਿਕਾਇਤਾਂ ਨੂੰ 4-ਪੜਾਵਾਂ ਦੀ ਪ੍ਰਕਿਰਿਆਵਾਂ ਰਾਹੀਂ ਸੰਬੋਧਿਤ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇੱਥੇ ਪੂਰੀ ਤਰ੍ਹਾਂ ਦੇਖਿਆ ਜਾ ਸਕਦਾ ਹੈ:

**http://is.gd/I9bK7f**










## ਆਚਾਰ ਸੰਹਿਤਾ ਨੀਤੀ ਅਤੇ ਸੁਰੱਖਿਆ

ਅਸੀਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਅਤੇ ਚੰਗੀ ਤਰ੍ਹਾਂ ਧਿਆਨ ਰੱਖਣ ਨੂੰ ਯਕੀਨੀ ਬਣਾਉਣ ਲਈ ਆਪਣੀਆਂ ਵੈਧਾਨਿਕ ਜ਼ੁੰਮੇਵਾਰੀਆਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹਾਂ। ਸਮੇਂ ਸਮੇਂ ਤੇ, ਅਸੀਂ ਸਮਾਜ ਸੇਵਾਵਾਂ ਜਾਂ ਸਥਾਨਕ ਅਥਾਰਿਟੀ ਦੇ (ਬੱਚਿਆਂ ਦੀ ਸੁਰੱਖਿਆ ਲਈ) ਨਿਯੁਕਤ ਅਫਸਰ ਨਾਲ ਜਾਣਕਾਰੀ ਨੂੰ ਸਾਂਝਾ ਕਰਨ ਅਤੇ ਉਨ੍ਹਾਂ ਦੀ ਸਲਾਹ ਲੈਣ ਜਾਂ ਉਨ੍ਹਾਂ ਦੀ ਅਗਵਾਈ ਲਈ ਮਜ਼ਬੂਰ ਹੁੰਦੇ ਹਾਂ।

ਸਾਡੀ ਸਾਰਿਆਂ ਦਾ ਦੇਖਭਾਲ ਕਰਨ ਦਾ ਫਰਜ਼ ਅਤੇ ਸਕੂਲ ਦੀ ਇਮਾਰਤ ਵਿੱਚ ਹੋਣ ਦੌਰਾਨ ਸਹੀ ਅਤੇ ਪੇਸ਼ੇਵਰ ਢੰਗ ਨਾਲ ਵਿਹਾਰ ਕਰਨ ਦੀ ਜ਼ੁੰਮੇਵਾਰੀ ਵੀ ਹੈ। ਇਸ ਤਰ੍ਹਾਂ ਕਰਦੇ ਹੋਏ, ਇਹ ਆਪਣੇ-ਆਪ ਵਿੱਚ ਇੱਕ ਸਦਭਾਵਨਾ ਵਾਲਾ ਰਿਸ਼ਤਾ ਬਣ ਜਾਂਦਾ ਹੈ, ਜਿਸ ਤੋਂ, ਬੱਚੇ ਪ੍ਰਫੁੱਲਤ ਅਤੇ ਫਲਦੇ-ਫੁੱਲਦੇ ਹਨ। ਸਾਡੀ ਆਚਾਰ ਸੰਹਿਤਾ ਨੀਤੀ ਦੀ ਕਾਪੀ ਸਾਡੇ ਸਕੂਲ ਦੇ ਦਫਤਰ ਅੰਦਰ ਪ੍ਰਦਰਸ਼ਿਤ ਹੈ।

ਸਾਨੂੰ ਉਮੀਦ ਹੈ ਕਿ ਤੁਹਾਡੇ ਲਈ ਇਹ ਜਾਣਕਾਰੀ ਉਪਯੋਗੀ ਹੈ। ਪਰ, ਇਹ ਤੁਹਾਨੂੰ ਸਿਰਫ ਕੁਝ ਚੀਜ਼ਾਂ ਬਾਰੇ ਦੱਸਦੀ ਹੈ ਜੋ ਅਸੀਂ ਸਕੂਲ ਵਿੱਚ ਕਰਦੇ ਹਾਂ – ਇਸ ਲਈ ਕਿਰਪਾ ਕਰਕੇ ਆਓ ਅਤੇ ਸਕੂਲ ਦੇ ਦਫਤਰ ਵਿਚੋਂ ਹੋਰ ਕਿਸੇ ਵੀ ਚੀਜ਼ ਬਾਰੇ ਪੁੱਛੋ ਜੋ ਤੁਸੀਂ ਜਾਣਨਾ ਚਾਹੁੰਦੇ ਹੋ, ਜਿਵੇਂ ਕਿ ਸਾਡੀਆਂ ਕੋਫੀ ਸਵੇਰਾਂ (coffee mornings), ਸਾਡੇ ਨਿਊਜ਼ਲੈਟਰ ਤੁਹਾਨੂੰ ਈ-ਮੇਲ ਕਿਵੇਂ ਕੀਤੇ ਜਾਣ .... ਜਾਂ ਸਿਰਫ ਹੈਲੋ ਕਹਿਣ ਲਈ!

ਹੋਰ ਵਧੇਰੇ ਜਾਣਕਾਰੀ ਅਤੇ ਸਰੋਤਾਂ ਦੀ ਪੂਰੀ ਰੇਂਜ਼ ਸਾਡੇ ਸਕੂਲ ਦੀ ਵੈੱਬਸਾਇਟ ਤੇ ਉਪਲਬਧ ਹੈ:

Ofsted Outstanding

**TVIacademy.org**


Thames View Infants: a company limited by guarantee Registered in England: Company Number: 08163191 Registered Office: Thames View Infants, Bastable Avenue, Barking, Essex IG11 0LG